ਵਲੋਂ,

ਵਣ ਮੰਡਲ ਅਫਸਰ,
ਪਟਿਆਲਾ।

ਵੱਲ,

Relience Jio Infocomm Ltd,
C/o RJIL,C-135, Industrial Area,
Phase-8, Mohali

ਨੰਬਰ...8967.........ਮਿਤੀ...15-12-15...

**ਵਿਸਾਂ:** **Diversion of 1.49413 ha of forest land permission for Laying Optical Fibre Cable from Patiala-Samana. (33000 Mtr)**

ਉਪਰੋਕਤ ਵਿਸ਼ੇ ਸਬੰਧੀ ਵਣ ਰੇਂਜ ਅਵਸਰ ਪਟਿਆਲਾ ਅਤੇ ਸਮਾਣਾ ਵੱਲੋਂ ਰਿਪੋਟ ਕੀਤੀ ਹੈ ਕਿ ਆਪ ਵੱਲੋਂ ਉਪਰੋਕਤ ਰੂਟ ਤੇ 33000 ਮੀਟਰ ਲੰਬਾਈ ਅਨੁਸਾਰ ਕੇਬਲ ਪਾਉਣ ਨਾਲ ਵਣ ਵਿਭਾਗ ਦਾ 1.49413 ਹੈਕਟਰ ਰਕਬਾ ਪ੍ਰਭਾਵਿਤ ਕੀਤਾ ਜਾਵੇਗਾ। ਜਿਸ ਦੀ ਪ੍ਰਵਾਨਗੀ ਰਾਜ ਸਰਕਾਰ ਤੇ ਵਣ ਸੁਰਖਿਆ ਐਕਟ 1980 ਦੇ ਤਹਿਤ ਲੈਣੀ ਜਰੂਰੀ ਹੈ। ਇਸ ਲਈ ਕਿਸੇ ਕੰਮ ਕਾਰ ਵਾਲੇ ਦਿਨ ਇਸ ਦਫਤਰ ਤੋਂ ਕੇਸ ਮੁਕੰਮਲ ਤਿਆਰ ਕਰਨ ਲਈ ਲੋੜੀਂਦਾ ਪ੍ਰੋਫਾਰਮਾ ਪ੍ਰਾਪਤ ਕਰਕੇ ਪ੍ਰਭਾਵਿਤ ਰਕਬੇ ਅਨੁਸਾਰ ਮੁਕੰਮਲ ਕੇਸ ਹੇਠ ਲਿਖੇ ਅਨੁਸਾਰ ਤਿਆਰ ਕਰਨ ਉਪਰੰਤ 3 ਪੜ੍ਹਤਾਂ ਵਿੱਚ ਇਸ ਦਫਤਰ ਦਿੱਤਾ ਜਾਵੇ ਤਾਂ ਜੋ ਇਸ ਦਫਤਰ ਵਲੋਂ ਅਗਲੀ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ। ਇਸ ਤੋਂ ਇਲਾਵਾ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਗਰੀਨ ਮਿਸ਼ਨ ਤਹਿਤ 50/- ਰੁਪਏ ਵਰਗਮੀਟਰ ਦੇ ਹਿਸਾਬ ਨਾਲ 14941.3 ਵਰਗ ਮੀਟਰ ਪ੍ਰਭਾਵਿਤ ਰਕਬੇ ਅਨੁਸਾਰ ਗਰੀਨ ਮਿਸ਼ਨ ਤਹਿਤ ਬਣਦੀ ਫੀਸ 7,47,065/-ਰੁਪਏ ਦਾ ਡਰਾਫਟ Greening Punjab Mission Fund Punjab National Bank ਦੇ ਨਾਮ ਤੇ ਤਿਆਰ ਕਰਕੇ ਜਿਸ ਦੀ ਅਦਾਇਗੀ ਪਟਿਆਲਾ ਹੋਵੇ ਅਤੇ 33000 ਮੀਟਰ ਦੀ ਲੰਬਾਈ ਅਨੁਸਾਰ 25/- ਰੁਪਏ ਪ੍ਰਤੀ ਮੀਟਰ ਦੇ ਹਿਸਾਬ ਨਾਲ 8,25,000/- ਰੁਪਏ ਦੀ ਬੈਂਕ ਗਰੰਟੀ ਇਸ ਦਫਤਰ ਦਿੱਤੀ ਜਾਵੇ। ਕੇਸ ਤਿਆਰ ਕਰਨ ਲਈ ਹੇਠ ਲਿਖੇ ਦਸਤਾਵੇਜ਼ ਜਰੂਰੀ ਹਨ:-

1. ਅੰਡਰਟੇਕਿੰਗ ਅਤੇ ਹੋਰ ਦਸਤਾਵੇਜ਼ ਜੁਡੀਸ਼ੀਅਲ ਪੇਪਰ/ਲੈਟਰ ਪੈਡ ਤੇ ਤਿਆਰ ਕਰਕੇ ਕਾਨੂੰਨੀ ਤੋਰ ਤੇ ਸਮਰਥ ਅਧਿਕਾਰੀ ਤੋਂ ਤਸਦੀਕ ਕਰਵਾ ਕੇ ਦਿਤੇ ਜਾਣ।
2. ਕੰਪੀਟੈਂਟ ਅਥਾਰਟੀ ਦੀ ਪ੍ਰਵਾਨਗੀ।
3. ਪੀ.ਡਬਲਿਯੂ.ਡੀ/ ਨੈਸ਼ਨਲ ਹਾਈਵੇਜ਼ ਦੁਆਰਾ ਅਪਰੂਵਡ ਲੈ ਆਊਟ ਪਲੈਨ।
4. ਜ਼ੋ ਐਨ.ਓ.ਸੀ /ਪੱਤਰ ਪੰਜਾਬੀ ਵਿਚ ਹੋਣ ਦੇ ਅੰਗਰੇਜ਼ੀ ਅਨੁਵਾਦ ਦੀ ਤਸਦੀਕਸ਼ੁਦਾ ਕਾਪੀ।
5. ਪੀ.ਡਬਲਿਉ.ਡੀ./ਨੈਸ਼ਨਲ ਹਾਈਵੇ/ਇਰੀਗੇਸ਼ਨ ਜਿਸ ਮਹਿਕਮੇ ਦੀ ਜਮੀਨ ਨਾਲ ਲੱਗਦੀ ਹੋਵੇ ਦੀ ਐਨ.ਓ.ਸੀ. ਦੀ ਤਸਦੀਕਸ਼ੁਦਾ ਕਾਪੀ।
6. ਸਰਵੇ ਆਫ ਇੰਡੀਆਂ ਦੇ ਮੈਪ ਦੀਆਂ ਸਬੰਧਤ ਸਾਈਟ ਦੀਆਂ ਚਾਰ ਕਾਪੀਆਂ ਦਿੱਤੀਆਂ ਜਾਣ।
7. ਵਣ ਰਕਬੇ ਦੇ ਪ੍ਰਭਾਵਿਤ ਹੋਣ ਸਬੰਧੀ ਬਲਿਯੂ ਪ੍ਰਿੰਟ ਦੀਆਂ ਚਾਰ ਕਾਪੀਆਂ ਦਿੱਤੀਆਂ ਜਾਣ।
8. ਪ੍ਰੋਜੈਕਟ ਦੇ ਸਰਕਾਰੀ ਜਾ ਪ੍ਰਾਈਵੇਟ ਹੋਣ ਸਬੰਧੀ ਅੰਡਰਟੇਕਿੰਗ ਜੁਡੀਸ਼ੀਅਲ ਪੇਪਰ ਤੇ ਤਿਆਰ ਕਰਕੇ ਕਾਨੂੰਨੀ ਤੋਰ ਤੇ ਸਮਰਥ ਅਧਿਕਾਰੀ ਤੋਂ ਤਸਦੀਕ ਕਰਵਾ ਕੇ ਦਿਤੀ ਜਾਵੇ।
9. ਪ੍ਰੋਜੈਕਟ ਸਬੰਧੀ ਪ੍ਰਭਾਵਿਤ ਰਕਬੇ ਅਨੁਸਾਰ ਸ਼ਡਿਊਲ ਟਰਾਈਬਜ ਦਾ ਸਬੰਧਤ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਦਿੱਤਾ ਜਾਵੇ।

ਵਣ ਮੰਡਲ ਅਫਸਰ
ਪਟਿਆਲਾ।

ਪਿੱਠ ਅੰਕਣ ਨੰਬਰ 8968-69 ਮਿਤੀ 15-12-15

ਕਾਪੀ ਰੇਂਜ ਅਫਸਰ ਪਟਿਆਲਾ ਅਤੇ ਸਮਾਣਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਬਿਨਾਂ ਪ੍ਰਵਾਨਗੀ ਦੇ ਯੂਜਰ ਏਜੰਸੀ ਨੂੰ ਵਣ ਰਕਬੇ ਵਿੱਚ ਕੇਬਲ ਪਾਉਣ ਦਾ ਕੰਮ ਨਾ ਕਰਨ ਦਿੱਤਾ ਜਾਵੇ।

ਵਣ ਮੰਡਲ ਅਫਸਰ,
ਪਟਿਆਲਾ।